The true picture of your local community
NZ ਤਸਵੀਰ NEWS
ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644

The true picture of your local community
NZ ਤਸਵੀਰ NEWS
www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

RED CLEANING
Old & New Build House Cleaning (Inside & Outside)
Home Cleaning / ਹੋਮ ਕਲੀਨਿੰਗ
Carpet Cleaning / ਕਾਰਪੇਟ ਕਲੀਨਿੰਗ
Floor Polishing / ਫਲੋਰ ਪੋਲਿਸ਼ਿੰਗ
Water Blaster / ਵਾਟਰ ਬਲਾਸਟਰ
Lawn Mowing / ਲਾਅਨ ਮੂਵਿੰਗ
Carpet Cleaning 3 Bedroom $95 5 Bedroom $135
Contact : Raj 021 8740 730, 0800 253 2687
www.redcleaning.co.nz

05 January 2019 Daily, editornztasveer@gmail.com designnztasveer@gmail.com Ph/Fax: 09 390 4644 FREE

# ਵਿਦੇਸ਼ ਸੈੱਟ ਹੋਣ ਦੇ ਚੱਕਰ 'ਚ ਪੰਜਾਬੀ ਖਰਚ ਰਹੇ ਲੱਖਾਂ

ਐਡਮਿੰਟਨ- ਰੋਜ਼ੀ-ਰੋਟੀ ਖਾਤਰ ਵਿਦੇਸ਼ ਜਾ ਕੇ ਕੰਮ ਕਰਨ ਦੇ ਚਾਹਵਾਨਾਂ ਦੀ ਗਿਣਤੀ ਭਾਰਤ ਵਿਚ ਬਹੁਤ ਜ਼ਿਆਦਾ ਹੈ ਅਤੇ ਇਸੇ ਚੱਕਰ ਵਿਚ ਭਾਰਤੀ ਗਲਤ ਅਨਸਰਾਂ ਦੀਆਂ ਗੱਲਾਂ ਵਿਚ ਆ ਕੇ ਆਪਣੇ ਪੈਸੇ ਅਤੇ ਖੁਦ ਨੂੰ ਮੁਸ਼ਕਲ ਵਿਚ ਪਾ ਲੈਂਦੇ ਹਨ, ਜਿਸ ਦਾ ਖਾਮਿਆਜ਼ਾ ਉਨ੍ਹਾਂ ਨੂੰ ਉਥੇ ਜਾ ਕੇ ਭੁਗਤਣਾ ਪੈਂਦਾ ਹੈ। ਇਸੇ ਤਰ੍ਹਾਂ ਅਮਰੀਕਾ ਵਿਚ ਪਨਾਹ ਹਾਸਲ ਕਰਨ ਗਏ ਪ੍ਰਵਾਸੀਆਂ ਦੇ ਅੰਕੜੇ ਅਖਬਾਰਾਂ ਵਿਚ ਨਸ਼ਰ ਹੋਏ ਹਨ, ਜਿਸ ਵਿਚ ਦੱਸਿਆ ਗਿਆ ਹੈ ਕਿ ਵੱਡੀ ਗਿਣਤੀ ਵਿਚ ਭਾਰਤ ਤੋਂ ਆਏ ਲੋਕ ਇਥੇ ਰਹਿਣ ਦੀ ਇੱਛਾ ਰੱਖਦੇ ਹਨ। ਅਮਰੀਕਾ 'ਚ ਜਾਰੀ ਤਾਜ਼ਾ ਅੰਕੜਿਆਂ ਮੁਤਾਬਕ ਸਾਲ 2014 ਤੋਂ ਬਾਅਦ ਤੋਂ 20 ਹਜ਼ਾਰ ਭਾਰਤੀ ਲੋਕਾਂ ਨੇ ਇਥੇ ਰਾਜਨੀਤਕ ਪਨਾਹ ਹਾਸਲ ਕਰਨ ਦੀ ਮੰਗ ਕੀਤੀ ਹੈ। ਅਮਰੀਕੀ ਹੋਮਲੈਂਡ ਸਕਿਓਰਿਟੀ ਮੰਤਰਾਲੇ ਨੇ ਨਾਰਥ ਅਮਰੀਕਨ ਪੰਜਾਬੀ ਐਸੋਸੀਏਸ਼ਨ (ਐਨ.ਏ.ਪੀ.ਏ.) ਨੂੰ ਇਹ ਜਾਣਕਾਰੀ ਮੁਹੱਈਆ ਕਰਵਾਈ ਹੈ। ਇਹ ਐਸੋਸੀਏਸ਼ਨ ਪੰਜਾਬ ਤੋਂ ਆਏ ਨਾਜਾਇਜ਼ ਪ੍ਰਵਾਸੀਆਂ ਲਈ ਕੰਮ ਕਰਦੀ ਹੈ।

## ਅਮਰੀਕਾ ਵਿਚ ਪਨਾਹ ਲਈ ਭਾਰਤੀ ਖਰਚਦੇ ਨੇ 25 ਤੋਂ 30 ਲੱਖ

ਅਮਰੀਕਾ ਵਿਚ ਹਰ ਸਾਲ ਹਜ਼ਾਰਾਂ ਭਾਰਤੀ ਪਨਾਹ ਹਾਸਲ ਕਰਨ ਦੀ ਕੋਸ਼ਿਸ਼ ਕਰਦੇ ਹਨ ਅਤੇ ਇਸ ਤੋਂ ਇਲਾਵਾ ਉਹ ਇਸ ਕੰਮ ਵਿਚ ਸ਼ਾਮਲ ਏਜੰਟਾਂ ਨੂੰ ਕਥਿਤ ਤੌਰ 'ਤੇ 25 ਤੋਂ 30 ਲੱਖ ਪ੍ਰਤੀ ਵਿਅਕਤੀ ਤੱਕ ਦੇ ਦਿੰਦੇ ਹਨ। ਅਮਰੀਕਾ ਵਿਚ ਪਨਾਹ ਹਾਸਲ ਕਰਨ ਵਾਲਿਆਂ ਵਿਚ ਭਾਰਤੀ ਔਰਤਾਂ ਦੀ ਗਿਣਤੀ ਘੱਟ ਇਸ ਤਰ੍ਹਾਂ ਅਪਲਾਈ ਕਰਨ ਵਾਲਿਆਂ ਵਿਚ ਔਰਤਾਂ ਦੀ ਗਿਣਤੀ ਬਹੁਤ ਘੱਟ ਹੈ। ਸਾਲ 2014 ਵਿਚ 2306 ਲੋਕਾਂ ਨੇ ਪਨਾਹ ਹਾਸਲ ਕਰਨ ਦੀ ਅਰਜ਼ੀ ਦਿੱਤੀ ਸੀ। ਇਨ੍ਹਾਂ ਵਿਚ 146 ਔਰਤਾਂ ਸਨ। ਅਗਲੇ ਸਾਲ ਯਾਨੀ 2015 ਵਿਚ ਅਜਿਹੀਆਂ ਅਰਜ਼ੀਆਂ ਵੱਧ ਕੇ 2971 ਹੋ ਗਈ। ਇਸ ਸਾਲ ਸਿਰਫ 96 ਔਰਤਾਂ ਨੇ ਹੀ ਅਰਜ਼ੀਆਂ ਦਿੱਤੀਆਂ। ਸਾਲ 2016 ਵਿਚ 123 ਔਰਤਾਂ ਸਣੇ 4088 ਅਤੇ 2017 ਵਿਚ 187 ਔਰਤਾਂ ਸਣੇ 3556 ਲੋਕਾਂ ਨੇ ਪਨਾਹ ਹਾਸਲ ਕਰਨ ਲਈ ਅਰਜ਼ੀਆਂ ਦਿੱਤੀਆਂ।

# ਇੰਟਰਨੈੱਟ 'ਤੇ ਦੇਖ ਕੇ ਪੁੱਤਰ ਦਾ ਆਪ੍ਰੇਸ਼ਨ ਕਰਨ ਲਈ ਤਿਆਰ ਹੋਏ ਪਤੀ-ਪਤਨੀ



ਐਡੀਲੈਡ : ਇੰਟਰਨੈੱਟ 'ਤੇ ਵੇਖ ਆਪੇ ਦਵਾਈ ਲੈਣ ਦੇ ਕਿੱਸੇ ਤਾਂ ਮਾਡਰਨ ਜ਼ਮਾਨੇ ਦੀ ਦੰਦ ਕਥਾ ਬਣ ਚੁੱਕੇ ਹਨ, ਪਰ ਭਾਰਤ ਅੰਦਰ ਹੁਣ ਇੰਟਰਨੈੱਟ 'ਤੇ ਵੀਡੀਓ ਦੇਖ ਕੇ ਲੋਕ ਆਪ੍ਰੇਸ਼ਨ ਵੀ ਕਰਨ ਲਈ ਤੁਰ ਪਏ ਹਨ। ਜੀ ਹਾਂ, ਇੰਟਰਨੈੱਟ ਵੇਖ ਕੇ ਇੱਕ ਜੋੜਾ ਆਤਮਵਿਸ਼ਾਸ ਨਾਲ ਇੰਨਾ ਭਰ ਗਿਆ ਕਿ ਆਪਣੇ ਛੋਟੇ ਬੱਚੇ ਦੀ ਚੀਰ-ਫਾੜ ਕਰਨ ਲਈ ਤਿਆਰ ਹੋ ਗਏ। ਇਹ ਕਹਾਣੀ ਉਸ ਪਤੀ-ਪਤਨੀ ਦੀ ਹੈ, ਜੋ ਇੰਟਰਨੈੱਟ ਤੋਂ ਸਿੱਖਿਅਤ ਹੋ ਕੇ ਖ਼ੁਦ ਨੂੰ ਪੇਸ਼ੇਵਰ ਡਾਕਟਰ ਤੋਂ ਘੱਟ ਨਹੀਂ ਸੀ ਸਮਝਦੇ।ਬੈਂਗਲੁਰੂ ਦੇ ਨਿੱਜੀ ਹਸਪਤਾਲ ਦੇ ਡਾਕਟਰ ਨੇ ਆਪਣਾ ਨਾਂਅ ਗੁਪਤ ਰੱਖਣ ਦੀ ਸ਼ਰਤ 'ਤੇ ਹੀ ਇਸ ਮਾਮਲੇ ਦਾ ਖੁਲਾਸਾ ਕੀਤਾ ਹੈ। 'ਦ ਨਿਊਜ਼ ਮਿੰਟ' ਦੀ ਖ਼ਬਰ ਮੁਤਾਬਕ ਡਾਕਟਰ ਨੇ ਦੱਸਿਆ ਕਿ ਪਿਛਲੇ ਦਿਨੀਂ ਪਤੀ-ਪਤਨੀ ਆਪਣੇ ਬੱਚੇ ਨੂੰ ਲੈਕੇ ਉਨ੍ਹਾਂ ਦੇ ਹਸਪਤਾਲ ਆਏ। ਬੱਚੇ ਨੂੰ ਸਰਜਰੀ ਦੀ ਲੋੜ ਸੀ, ਪਰ ਉਹ ਡਾਕਟਰ ਨਹੀਂ ਸੀ ਲੱਭ ਰਹੇ ਸਗੋਂ ਉਨ੍ਹਾਂ ਸਰਜਰੀ ਕਰਨ ਵਾਲੇ ਔਜ਼ਾਰ ਮੰਗੇ ਤਾਂ ਜੋ ਉਹ ਖ਼ੁਦ ਆਪਣੇ ਪੁੱਤਰ ਦਾ ਆਪ੍ਰੇਸ਼ਨ ਕਰ ਸਕਣ। ਡਾਕਟਰ ਨੇ ਦੱਸਿਆ ਕਿ ਦੋਵੇਂ ਜੀਅ ਇੰਟਰਨੈੱਟ 'ਤੇ ਵੀਡੀਓ ਦੇਖ ਕੇ ਆਏ ਸਨ ਅਤੇ ਹਸਪਤਾਲ ਤੋਂ ਆਪ੍ਰੇਸ਼ਨ ਥੀਏਟਰ, ਆਪ੍ਰੇਸ਼ਨ ਦਾ ਸਮਾਨ ਅਤੇ ਨਰਸ ਦੀ ਮੰਗ ਕਰ ਰਹੇ ਸਨ। ਦੋਵਾਂ ਜੀਆਂ ਨੇ ਇਹ ਵੀ ਤਰਕ ਦਿੱਤਾ ਕਿ ਹਸਪਤਾਲ ਫਾਲਤੂ ਚੀਜ਼ਾਂ ਤੋਂ ਪੈਸੇ ਬਟੋਰਦੇ ਹਨ ਅਤੇ ਉਹ ਅਜਿਹਾ ਨਹੀਂ ਹੋਣ ਦੇਣਗੇ। ਇਸ ਲਈ ਉਹ ਖ਼ੁਦ ਆਪਣੇ ਬੱਚੇ ਦਾ ਆਪ੍ਰੇਸ਼ਨ ਕਰਨਗੇ। ਹਸਪਤਾਲ ਨੇ ਦੋਵਾਂ ਜਣਿਆਂ ਦੀ ਮੰਗ ਪੂਰੀ ਨਾ ਕੀਤੀ ਤਾਂ ਉਹ ਬੱਚੇ ਨੂੰ ਲੈਕੇ ਕਿਤੇ ਚਲੇ ਗਏ। ਇਸ ਤੋਂ ਪਹਿਲਾ ਜੁਲਾਈ ਵਿੱਚ ਜੋੜੇ ਨੇ ਇੰਟਰਨੈੱਟ 'ਤੇ ਦੇਖ ਬੱਚੇ ਦਾ ਜਣੇਪਾ ਕਰਵਾਉਣ ਦਾ ਖ਼ਤਰਾ ਮੁੱਲ ਲਿਆ, ਜੋ ਉਨ੍ਹਾਂ ਲਈ ਜਾਨਲੇਵਾ ਸਾਬਤ ਹੋਇਆ। 28 ਸਾਲਾ ਔਰਤ ਤੇ ਉਸ ਦਾ ਪਤੀ ਘਰ ਅੰਦਰ ਹੀ ਬੱਚਾ ਪੈਦਾ ਕਰਨ ਦੀਆਂ ਵੀਡੀਓਜ਼ ਦੀ ਮਦਦ ਨਾਲ ਆਪਣੇ ਜਣੇਪਾ ਕਰਵਾ ਰਹੇ ਸਨ। ਇਸ ਦੌਰਾਨ ਮਹਿਲਾ ਦੀ ਮੌਤ ਹੋ ਗਈ। ਡਾਕਟਰਾਂ ਨੇ ਲੋਕਾਂ ਵੱਲੋਂ ਇੰਟਰਨੈੱਟ ਦੀ ਮਦਦ ਨਾਲ ਆਪਣੇ ਰੋਗਾਂ ਦੇ ਇਲਾਜ ਲੱਭਣ 'ਤੇ ਵਧਦੀ ਨਿਰਭਰਤਾ ਨੂੰ ਖ਼ਤਰਨਾਕ ਦੱਸਿਆ ਹੈ। ਮਾਹਰਾਂ ਮੁਤਾਬਕ ਕਿਸੇ ਬਿਮਾਰੀ ਦੇ ਲੱਛਣ ਲੱਭਣ ਲਈ ਇੰਟਰਨੈੱਟ ਬੇਸ਼ੱਕ ਸਹਾਈ ਹੋ ਸਕਦਾ ਹੈ, ਪਰ ਬਗ਼ੈਰ ਡਾਕਟਰੀ ਮਸ਼ਵਰੇ ਤੋਂ ਇਲਾਜ ਕਰਨਾ ਨੁਕਸਾਨਦਾਇਕ ਵੀ ਹੋ ਸਕਦਾ ਹੈ।

# ਮੌਤ ਨੂੰ ਮਾਤ ਦੇ ਕੇ 40 ਸਾਲਾ ਔਰਤ ਬਣੀ ਸੋਸ਼ਲ ਮੀਡੀਆ ਸਟਾਰ

ਸਿਡਨੀ— ਕਿਸੇ ਨੇ ਸੱਚ ਹੀ ਕਿਹਾ ਹੈ ਕਿ ਜਾਕੋ ਰਾਖੇ ਸਾਈਆਂ, ਮਾਰ ਸਕੇ ਨਾ ਕੋਏ। ਇਸ ਕਹਾਵਤ ਨੂੰ ਸੱਚ ਕਰਦਾ ਆਸਟ੍ਰੇਲੀਆ ਦਾ ਇਕ ਮਾਮਲਾ ਸਾਹਮਣੇ ਆਇਆ ਹੈ। ਇੱਥੇ ਇਕ ਔਰਤ 6 ਦਿਨ ਤੱਕ ਆਪਣਾ ਯੂਰਿਨ ਤੇ ਗੱਡੀ ਦੀ ਵਿੰਡਸਕ੍ਰੀਨ ਵਾਈਪਰ ਦਾ ਪਾਣੀ ਪੀ ਕੇ ਜਿਉਂਦੀ ਰਹੀ। ਅਸਲ ਵਿਚ ਬਰੁਕ ਫਿਲੀਪਸ ਨਾਮ ਦੀ ਇਸ ਮਹਿਲਾ ਦੀ ਕਾਰ ਜੰਗਲੀ ਇਲਾਕੇ ਵਿਚ ਹਾਦਸਾਗ੍ਰਸਤ ਹੋ ਗਈ ਸੀ। ਵਿਪਰੀਤ ਹਾਲਤਾਂ ਵਿਚ ਲੱਗਭਗ ਇਕ ਹਫਤੇ ਤੱਕ ਜਿਉਂਦੀ ਰਹਿਣ ਦੇ ਬਾਅਦ ਇਹ 40 ਸਾਲਾ ਮਹਿਲਾ ਰਾਤੋ-ਰਾਤ ਇੰਟਰਨੈੱਟ ਸਟਾਰ ਬਣ ਗਈ ਹੈ।

**ਇਹ ਹੈ ਮਾਮਲਾ**

ਬਰੁਕ ਫਿਲੀਪਸ ਨਾਮ ਦੀ ਮਹਿਲਾ ਆਪਣੀ ਬਿੱਲੀ ਅਤੇ ਕੁੱਤੇ ਨਾਲ ਕਿਤੇ ਜਾ ਰਹੀ ਸੀ। ਜੰਗਲੀ ਇਲਾਕੇ ਵਿਚ ਪਹੁੰਚਦੇ ਹੀ ਉਸ ਦੀ ਕਾਰ ਹਾਦਸਾਗ੍ਰਸਤ ਹੋ ਗਈ। ਹਾਦਸੇ ਮਗਰੋਂ ਉਸ ਦੀ ਗੱਡੀ ਉਛਲ ਕੇ ਸੜਕ ਤੋਂ ਦੂਰ ਜਾ ਕੇ ਡਿੱਗੀ। ਉਸ ਸਮੇਂ ਬਰੁਕ ਕੋਲ ਸਿਰਫ ਅੱਧਾ ਲੀਟਰ ਪਾਣੀ ਸੀ ਜੋ ਉਸ ਨੇ ਪਹਿਲੀ ਰਾਤ ਨੂੰ ਹੀ ਪੀ ਲਿਆ। ਉਸ ਸਮੇਂ ਬਰੁਕ ਨੂੰ ਲੱਗਾ ਸੀ ਕਿ ਉਹ ਬਹੁਤ ਲੰਬੇ ਸਮੇਂ ਤੱਕ ਫਸੀ ਨਹੀਂ ਰਹੇਗੀ। ਪਰ ਉਸ ਦਾ ਇੰਤਜ਼ਾਰ ਹੋਰ ਲੰਬਾ ਹੋ ਗਿਆ ਅਤੇ ਅਗਲੇ 5 ਦਿਨ ਤੱਕ ਉਸ ਨੂੰ ਕੋਈ ਬਚਾਉਣ ਲਈ ਨਹੀਂ ਆਇਆ। ਫਿਰ ਉਸ ਨੇ ਆਪਣੇ ਜਿਉਂਦੇ ਰਹਿਣ ਲਈ ਕੁਝ ਉਪਾਅ ਕਰਨੇ ਸ਼ੁਰੂ ਕੀਤੇ। ਬਰੁਕ ਨੇ ਆਪਣੀ ਟੀ-ਸ਼ਰਟ ਫਾੜੀ ਅਤੇ ਪਾਣੀ ਨੂੰ ਵਿੰਡਸਕਰੀਨ ਵਾਈਪਰ ਕੰਟੇਨਰ ਤੋਂ ਬਾਹਰ ਕੱਢ ਕੇ ਆਪਣੀ ਟੀ-ਸ਼ਰਟ ਨੂੰ ਗਿੱਲਾ ਕੀਤਾ ਅਤੇ ਇਸ ਪਾਣੀ ਨੂੰ ਪੀਣਾ ਸ਼ੁਰੂ ਕੀਤਾ। ਆਖਰੀ ਦਿਨ ਉਸ ਕੋਲ ਖਾਣ ਲਈ ਕੁਝ ਨਹੀਂ ਸੀ ਇਸ ਲਈ ਜਾਨ ਬਚਾਉਣ ਲਈ ਬਰੁਕ ਨੇ ਆਪਣਾ ਯੂਰਿਨ ਪੀਤਾ।

**6 ਦਿਨ ਬਾਅਦ ਮਿਲੀ ਮਦਦ**

ਹਾਦਸੇ ਦੇ 6 ਦਿਨ ਬਾਅਦ ਬਰੁਕ ਦੀ 16 ਸਾਲਾ ਬੇਟੀ ਨੇ ਉਸ ਨੂੰ ਲੱਭਿਆ। ਬਰੁਕ ਦੀ ਬੇਟੀ ਨੇ ਵੱਡੇ ਪੱਧਰ 'ਤੇ ਖੋਜ ਕਰਨ ਦੌਰਾਨ ਪਰਥ ਤੋਂ 1500 ਮੀਲ ਦੂਰ ਉਸ ਨੂੰ ਲੱਭਿਆ। ਉਸ ਸਮੇਂ ਬਰੁਕ ਨੇ ਤਾਪਮਾਨ ਘੱਟ ਰੱਖਣ ਲਈ ਕਾਰ ਨੂੰ ਤੌਲੀਏ ਨਾਲ ਢੱਕਿਆ ਹੋਇਆ ਸੀ। ਬਰੁਕ ਨੇ ਕਿਹਾ,"ਮੈਂ ਇਕ ਸੁੱਕੇ ਬਿਸਕੁਟ ਨੂੰ ਖਾਣ ਦੀ ਕੋਸ਼ਿਸ਼ ਕਰ ਰਹੀ ਸੀ।" ਬਰੁਕ ਨੂੰ ਲੱਭਣ ਵਿਚ ਮਦਦ ਕਰਨ ਵਾਲੇ ਇਕ ਇੰਸਪੈਕਟਰ ਨੇ ਕਿਹਾ ਕਿ ਬਰੁਕ ਜਿਉਂਦੀ ਬਚ ਗਈ ਕਿਉਂਕਿ ਉਹ ਬਹੁਤ ਕਿਸਮਤ ਵਾਲੀ ਸੀ। ਉਨ੍ਹਾਂ ਨੇ ਕਿਹਾ ਕਿ ਕਾਰ ਦੇ ਕਰੀਬ ਰਹਿਣਾ ਇਕ ਚੰਗਾ ਫੈਸਲਾ ਸੀ। ਇਸ ਕਾਰਨ ਬਰੁਕ ਨੂੰ ਜਲਦੀ ਲੱਭਿਆ ਜਾ ਸਕਿਆ।

# ਬਲੂ ਵ੍ਹੇਲ ਤੇ ਕਿੱਕੀ ਤੋਂ ਬਾਅਦ ਹੁਣ ਇਸ ਚੈਲੇਂਜ ਚ ਫਸਣ ਲੱਗੇ ਲੋਕ



ਵਾਸ਼ਿੰਗਟਨ (ਬਿਊਰੋ)— 'ਬਲੂ ਵ੍ਹੇਲ ਅਤੇ ਕਿੱਕੀ ਚੈਲੇਂਜ' ਦੇ ਬਾਅਦ ਹੁਣ ਇਕ ਹੋਰ ਚੈਲੇਂਜ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਿਹਾ ਹੈ। ਇਸ ਨਵੇਂ ਚੈਲੇਂਜ ਦਾ ਨਾਮ #BirdBoxChallenge ਹੈ, ਜੋ ਕਿ ਨੈੱਟਫਲਿਕਸ ਦੀ ਇਕ ਫਿਲਮ 'ਬਰਡ ਬਾਕਸ' ਦੇ ਨਾਲ ਸ਼ੁਰੂ ਹੋਇਆ ਹੈ। ਚੈਲੇਂਜ ਦੇ ਕਈ ਵੀਡੀਓਜ਼ ਸੋਸ਼ਲ ਪਲੇਟਫਾਰਮ 'ਤੇ ਵਾਇਰਲ ਹੋ ਰਹੇ ਹਨ। ਵੀਡੀਓ ਵਿਚ ਕਈ ਲੋਕ ਆਪਣੀ ਜਾਨ ਖਤਰੇ ਵਿਚ ਪਾ ਕੇ ਇਸ ਚੈਲੇਂਜ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਵੀਡੀਓ ਬਣਾਉਂਦੇ ਸਮੇਂ ਮਾਮੂਲੀ ਹਾਦਸੇ ਹੁੰਦੇ ਵੀ ਦੇਖਣ ਨੂੰ ਮਿਲ ਰਹੇ ਹਨ। ਲੋਕਾਂ ਨੂੰ ਅਜਿਹੇ ਸਟੰਟ ਤੋਂ ਬਚਾਉਣ ਲਈ ਨੈੱਟਫਲਿਕਸ ਨੂੰ ਇਕ ਚਿਤਾਵਨੀ ਸੰਦੇਸ਼ ਜਾਰੀ ਕਰਨਾ ਪਿਆ ਹੈ।

**ਨੈੱਟਫਲਿਕਸ ਨੇ ਕੀਤਾ ਟਵੀਟ**

ਆਪਣੇ ਫੈਨਜ਼ ਨੂੰ ਕਿਸੇ ਵੱਡੇ ਹਾਦਸੇ ਤੋਂ ਬਚਾਉਣ ਲਈ ਨੈੱਟਫਲਿਕਸ ਨੇ ਟਵੀਟ ਕਰ ਕੇ ਚਿਤਾਵਨੀ ਦਿੱਤੀ ਹੈ। ਨੈੱਟਫਲਿਕਸ ਨੇ ਲਿਖਿਆ,"ਵਿਸ਼ਵਾਸ ਨਹੀਂ ਹੋ ਰਿਹਾ ਕਿ ਇਹ ਕਹਿਣਾ ਪੈ ਰਿਹਾ ਹੈ। ਕ੍ਰਿਪਾ ਕਰਕੇ ਇਸ #BirdBoxChallenge ਚੈਲੇਂਜ ਨਾਲ ਖੁਦ ਨੂੰ ਨੁਕਸਾਨ ਨਾ ਪਹੁੰਚਾਓ। ਸਾਨੂੰ ਨਹੀਂ ਪਤਾ ਕਿ ਇਹ ਸਭ ਕਿਵੇਂ ਸ਼ੁਰੂ ਹੋਇਆ। ਅਸੀਂ ਤੁਹਾਡੇ ਪਿਆਰ ਦੀ ਕਦਰ ਕਰਦੇ ਹਾਂ। ਪਰ ਸਾਲ 2019 ਵਿਚ ਸਿਰਫ ਇਕ ਇੱਛਾ ਹੈ ਕਿ ਤੁਸੀਂ ਮੀਮਜ਼ ਦੇ ਕਾਰਨ ਇਸ ਨੂੰ ਹਸਪਤਾਲ ਵਿਚ ਖਤਮ ਨਾ ਕਰੋ।"

**ਲੋਕ ਦੇ ਰਹੇ ਨੇ ਦੋਸਤਾਂ ਨੂੰ ਚੈਲੇਂਜ**

ਇੱਥੇ ਦੱਸ ਦਈਏ ਕਿ ਨੈੱਟਫਲਿਕਸ ਦੀ ਇਸ ਅਸਲੀ ਥ੍ਰਿਲਰ ਫਿਲਮ ਨੇ ਰਿਲੀਜ਼ ਹੋਣ ਦੇ ਨਾਲ ਹੀ ਧਮਾਕਾ ਕਰ ਦਿੱਤਾ। ਇਕ ਵੱਖਰੇ ਅਤੇ ਖਾਸ ਥੀਮ ਦੇ ਕਾਰਨ ਫੈਨਜ਼ ਇਸ ਨੂੰ ਕਾਫੀ ਪਸੰਦ ਕਰ ਰਹੇ ਹਨ। ਇਸ ਫਿਲਮ ਵਿਚ ਕਈ ਖਤਰਨਾਕ ਸਟੰਟ ਅਤੇ ਸੀਨ ਹਨ ਜੋ ਅੱਖਾਂ 'ਤੇ ਪੱਟੀ ਬੰਨ੍ਹ ਕੇ ਕੀਤੇ ਗਏ ਹਨ। ਫਿਲਮ ਨੂੰ ਦੇਖਣ ਦੇ ਬਾਅਦ ਸੈਂਕੜੇ ਫੈਨਜ਼ ਅੱਖਾਂ 'ਤੇ ਪੱਟੀ ਬੰਨ੍ਹ ਕੇ ਖਤਰਨਾਕ ਸਟੰਟ ਅਸਲੀ ਜ਼ਿੰਦਗੀ ਵਿਚ ਵੀ ਟ੍ਰਾਈ ਕਰ ਰਹੇ ਹਨ।

ਇੰਨਾ ਹੀ ਨਹੀਂ ਲੋਕ ਮੀਮਜ਼, ਵੀਡੀਓ ਬਣਾ ਰਹੇ ਹਨ ਅਤੇ ਇਕ-ਦੂਜੇ ਨੂੰ ਬਰਡ ਬਾਕਸ ਚੈਲੇਂਜ ਦੇ ਰਹੇ ਹਨ। ਚੈਲੇਂਜ ਲੈਣ ਵਾਲੇ ਸੈਂਕੜੇ ਲੋਕ #why not Áå¶ #content ਲਿਖ ਕੇ ਆਪਣੇ ਵੀਡੀਓ ਪੋਸਟ ਕਰ ਰਹੇ ਹਨ। ਵੱਡਿਆਂ ਦੇ ਨਾਲ-ਨਾਲ ਕਈ ਛੋਟੇ ਬੱਚੇ ਵੀ ਇਹ ਖਤਰਨਾਕ ਚੈਲੇਂਜ ਲੈ ਰਹੇ ਹਨ।

**ਇਹ ਹੈ ਫਿਲਮ ਦੀ ਕਹਾਣੀ**

ਫਿਲਮ ਵਿਚ ਇਕ ਘਟਨਾ ਦੇ ਬਾਅਦ ਇਕ ਅਮਰੀਕੀ ਮਹਿਲਾ ਖੁਦ ਨੂੰ ਅਤੇ ਆਪਣੇ ਬੱਚਿਆਂ ਨੂੰ ਰਹੱਸਮਈ ਸ਼ਕਤੀ ਤੋਂ ਬਚਾਉਣ ਲਈ ਅੱਖਾਂ 'ਤੇ ਪੱਟੀ ਬੰਨ੍ਹ ਕੇ ਖਤਰੇ ਭਰਪੂਰ ਯਾਤਰਾਵਾਂ ਕਰਦੀ ਹੈ। ਇਸ ਅਲੌਕਿਕ ਸ਼ਕਤੀ ਨੇ ਸ਼ਹਿਰ ਦੇ ਬਾਕੀ ਲੋਕਾਂ ਨੂੰ ਮਾਰ ਦਿੱਤਾ ਹੁੰਦਾ ਹੈ। ਇਸ ਫਿਲਮ ਵਿਚ ਹਾਲੀਵੁੱਡ ਅਦਾਕਾਰਾ ਸੈਂਡਰਾ ਬੁਲਕ ਆਪਣੀਆਂ ਅੱਖਾਂ 'ਤੇ ਪੱਟੀ ਬੰਨ੍ਹ ਕੇ ਜੰਗਲ ਅਤੇ ਨਦੀ ਪਾਰ ਕਰਦੀ ਹੋਈ ਦਿਖਾਈ ਗਈ ਹੈ। ਉਹ ਆਪਣੀਆਂ ਅਤੇ ਆਪਣੇ ਬੱਚਿਆਂ ਦੀ ਅੱਖਾਂ 'ਤੇ ਪੱਟੀ ਬੰਨ੍ਹ ਕੇ ਕਿਸੇ ਅਣਜਾਣ ਜਗ੍ਹਾ 'ਤੇ ਜਾਂਦੀ ਹੈ। ਉਸ ਦਾ ਉਦੇਸ਼ ਆਪਣੇ ਬੱਚਿਆਂ ਨੂੰ ਕਿਸੇ ਸੁਰੱਖਿਅਤ ਜਗ੍ਹਾ 'ਤੇ ਪਹੁੰਚਾਉਣਾ ਹੁੰਦਾ ਹੈ। ਫਿਲਮ ਦੇਖਣ ਦੇ ਬਾਅਦ ਸੈਂਕੜੇ ਲੋਕ ਅਸਲ ਜ਼ਿੰਦਗੀ ਵਿਚ ਵੀ ਅੱਖਾਂ 'ਤੇ ਪੱਟੀ ਬੰਨ੍ਹ ਕੇ ਸਟੰਟ ਕਰ ਰਹੇ ਹਨ ਜੋ ਜਾਨਲੇਵਾ ਸਾਬਤ ਹੋ ਰਹੇ ਹਨ।

# 72 ਹਜ਼ਾਰ ਕਰੋੜ ਰੁਪਏ ਦਾ ਹੈ ਪੀਰਾਮਲ ਗਰੁੱਪ, ਸੈਲੇਰੀ ਵੀ ਨਹੀਂ ਲੈਂਦੇ ਅੰਬਾਨੀ ਦੇ ਜਵਾਈ

ਇਸ ਦੋਸਤੀ ਨੂੰ ਰਿਸ਼ਤੇਦਾਰੀ ਵਿੱਚ ਬਦਲ ਲੈਂਦੇ ਹਾਂ, ਬਹੁਤ ਹੀ ਫਿਲਮੀ ਡਾਇਲੋਗ ਹੈ ਨਾ ਪਰ ਜਦੋਂ ਮੁਕੇਸ਼ Piramal Group: ਅੰਬਾਨੀ ਅਤੇ ਅਜੇ ਪੀਰਾਮਲ ਨੇ ਆਪਣੇ ਬੱਚਿਆਂ ਦਾ ਵਿਆਹ ਕੀਤਾ ਹੋਵੇਗਾ ਤਾਂ ਇਹ ਹੀ ਲਾਈਨ ਕਹੀ ਹੋਵੇਗੀ। ਆਨੰਦ ਪੀਰਾਮਲ ਅਤੇ ਈਸ਼ਾ ਬਚਪਨ ਦੇ ਦੋਸਤ ਹਨ , ਦੋਵੇਂ ਇਕੱਠੇ ਖੇਡੇ ਤੇ ਵੱਡੇ ਹੋਏ ਹਨ ,ਮਤਲਬ ਇੱਕ ਦੂਜੇ ਨੂੰ ਚੰਗੀ ਤਰ੍ਹਾਂ ਸਮਝਦੇ ਹਨ। ਬੁਧਵਾਰ 12 ਦਸੰਬਰ 2018 ਨੂੰ ਦੋਵੇਂ ਵਿਆਹ ਦੇ ਬੰਧਨ ਵਿੱਚ ਆਖਿਰਕਾਰ ਬੱਝ ਗਏ।ਇਨ੍ਹਾਂ ਪਰਿਵਾਰਾਂ ਦੇ ਜੁੜਨ ਦਾ ਮਤਲਬ ਹੈ , ਬਿਜਨੈੱਸ ਦੇ ਖੇਤਰ ਵਿੱਚ ਵੀ ਦੋ ਹਾਈ ਪ੍ਰੋਫਾਈਲ ਫੈਮਿਲੀ ਦਾ ਇੱਕ ਹੋਣਾ। ਉਂਝ ਤੁਹਾਨੂੰ ਦੱਸ ਦੇਈਏ ਕਿ ਦੋਵੇਂ ਪਰਿਵਾਰ ਕਿੰਨੇ ਅਮੀਰ ਹਨ, ਅੰਬਾਨੀ ਸਾਹਿਬ ਦੀ ਰਈਸੀ ਦਾ ਅੰਦਾਜ਼ਾ ਦਾ ਲੱਗ ਗਿਆ ਹੋਵੇਗਾ ਕਿ ਉਨ੍ਹਾਂ ਨੇ ਆਪਣੀ ਬੇਟੀ ਦੇ



ਵਿਆਹ ਤੇ 100 ਮਿਲੀਅਨ ਡਾਲਰ ਕਰੀਬ 720 ਕਰੋੜ ਰੁਪਏ ਖਰਚ ਕੀਤੇ ਹਨ।ਆਨੰਦ ਪੀਰਾਮਲ ਅਜੇ ਪੀਰਾਮਲ ਦੇ ਬੇਟੇ ਹਨ ਜੋ ਸ਼੍ਰੀਰਾਮ ਗਰੁੱਪ ਅਤੇ ਪੀਰਾਮਲ ਗਰੁੱਪ ਦੇ ਚੇਅਰਮੈਨ ਹਨ। ਇੱਕ ਆਕੜੇ ਦੇ ਮੁਤਾਬਿਕ ਇਨ੍ਹਾਂ ਦੋਵੇਂ ਕੰਪਨੀਆਂ ਦਾ ਮਾਰਕੇਟ ਕੈਪ 10 ਬਿਲੀਅਨ ਡਾਲਰ ਹੈ ਯਾਨੀ ਕਰੀਬ 72 ਹਜ਼ਾਰ ਕਰੋੜ ਰੁਪਏ। ਪੀਰਾਮਲ ਗਰੁੱਪ ਦੀ 30 ਦੇਸ਼ਾਂ ਵਿੱਚ ਬ੍ਰਾਂਚ ਹੈ,, ਇਹ ਗਰੁੱਪ ਫਾਰਮਾ , ਫਾਈਨੈਸ਼ੀਅਲ ਸਰਵਿਸ, ਰੀਅਲ ਅਸਟੇਟ ਅਤੇ ਗਲਾਸ ਪੈਕੇਜਿੰਗ ਦੇ ਕਾਰੋਬਾਰ ਵਿੱਚ ਹੈ। ਉਨ੍ਹਾਂ ਦੇ ਕਈ 15 ਹਜ਼ਾਰ ਲੋਕ ਕੰਮ ਕਰਦੇ ਹਨ , ਆਨੰਦ ਦੀ ਮਾਂ ਸਵਾਤੀ ਪੀਰਾਮਲ 'ਪੀਰਾਮਲ ਇੰਟਰਪ੍ਰਾਈਜੇਜ' ਦੀ ਵਾਈਸ ਚੇਅਰਮੈਨ ਹੈ।ਆਨੰਦ ਪੀਰਾਮਲ ਹਾਰਵਡ ਸਕੂਲ ਤੋਂ ਪੜੇ ਹਨ , ਉਨ੍ਹਾਂ ਨੇ ਯੂਨਿਵਰਸਿਟੀ ਆਫ ਪੈਨਸਿਲਵੇਨਿਆ ਤੋਂ ਇਕਨਾਮਿਕਸ ਵਿੱਚ ਗ੍ਰੈਜੁਏਸ਼ਨ ਅਤੇ ਹਾਰਵਡ ਤੋਂ ਪੋਸਟ ਗ੍ਰੈਜੁਏਸ਼ਨ ਕੀਤਾ ਹੈ। ਉਹ ਅਜੇ ਪੀਰਾਮਲ ਗੱਰੁਪ ਦਾ ਰੀਅਲ ਅਸਟੇਟ ਕਾਰੋਬਾਰ ਦੇਖ ਰਹੇ ਹਨ , ਕੰਪਨੀ ਦੇ ਮੁਤਾਬਿਕ ਆਨੰਦ ਕੋਈ ਸੈਲੇਰੀ ਨਹੀਂ ਲੈਂਦੇ।ਆਨੰਦ ਕੁੱਝ ਸਮਾਂ ਪਹਿਲਾਂ ਦੋ ਸਟਾਰਟਅੱਪ ਨੂੰ ਲੈ ਕੇ ਸੁਰਖੀਆਂ ਵਿੱਚ ਹਨ, ਉਨ੍ਹਾਂ ਦਾ ਪਹਿਲਾ ਸਟਾਰਟਅੱਪ ਪੀਰਾਮਲ ਈ ਹੈਲਥ ਹੈ ਜੋ 40 ਹਜ਼ਾਰ ਤੋਂ ਜਿਆਦਾ ਰੋਗੀਆਂ ਦਾ ਇਲਾਜ ਕਰ ਰਿਹਾ ਹੈ , ਇਸਦੇ ਇਲਾਵਾ ਦੂਜਾ ਸਟਾਰਟਅੱਪ ਹੈ ਪੀਰਾਮਲ ਰਿਐਲਟ, ਜੋ ਇੱਕ ਰੀਅਲ ਅਸਟੇਟ ਸਟਾਰਟਅਪ ਹੈ, ਇਸਦੀ ਨੀਂਅ 2012 ਵਿੱਚ ਰੱਖੀ ਗਈ ਸੀ।ਦੱਸ ਦੇਈਏ ਕਿ ਆਨੰਦ ਨੂੰ 2012 ਵਿੱਚ ਫੋਰਬਜ਼ ਫਿਲਾਂਥ੍ਰੋਪੀ ਐਵਾਰਡ ਵੀ ਮਿਲਿਆ ਸੀ, ਉਨ੍ਹਾਂ ਦੇ ਕੋਲ ਪੀਰਾਮਲ ਇੰਟਰਪ੍ਰਾਈਜ਼ੇਜ ਦੇ 2,76,945 ਸ਼ੇਅਰ ਹਨ। ਉਨ੍ਹਾਂ ਨੇ ਇੱਕ ਪ੍ਰੋਗਰਾਮ ਵਿੱਚ ਕਿਹਾ ਸੀ ਕਿ ਉਨ੍ਹਾਂ ਨੇ ਮੁਕੇਸ਼ ਅੰਬਾਨੀ ਦੁਆਰਾ ਪ੍ਰੇਰਿਤ ਕੀਤੇ ਜਾਣ ਤੋਂ ਬਾਅਦ ਹੀ ਬਿਜਨੈੱਸਮੈਨ ਬਣਨ ਦਾ ਫੈਸਲਾ ਕੀਤਾ।